

# ਕੋਰੋਨਾਵਾਇਰਸ ਅਤੇ ਸਿੱਖਣ ਵਿੱਚ ਅਪੰਗਤਾਵਾਂ ਵਾਲੇ ਲੋਕਾਂ ਬਾਰੇ ਅਧਿਐਨ

# ਲਹਿਰ 4 ਜਾਣਕਾਰੀ ਸ਼ੀਟ

**ਸੱਦਾ**

ਅਸੀਂ ਯੂਨੀਵਰਸਿਟੀ ਖੋਜਕਾਰਾਂ ਦਾ ਇੱਕ ਗਰੁੱਪ ਹਾਂ (ਮਾਨਚੈਸਟਰ ਮੈਟਰੋਪੋਲੀਟਨ ਯੂਨੀਵਰਸਿਟੀ, ਯੂਨੀਵਰਸਿਟੀ ਆਫ ਵਾਰਵਿਕ, ਯੂਨੀਵਰਸਿਟੀ ਆਫ ਸਾਊਥ ਵੇਲਜ਼, ਯੂਨੀਵਰਸਿਟੀ ਆਫ ਗਲਾਸਗੋ, ਅਲਸਟਰ ਯੂਨੀਵਰਸਿਟੀ ਅਤੇ ਯੂਨੀਵਰਸਿਟੀ ਆਫ ਕੇਂਟ) ਜੋ ਤੁਹਾਨੂੰ ਕੋਰੋਨਾਵਾਇਰਸ ਦੀ ਲਹਿਰ 4 ਅਤੇ ਸਿੱਖਣ ਵਿੱਚ ਅਪੰਗਤਾਵਾਂ ਵਾਲੇ ਲੋਕਾਂ ਬਾਰੇ ਅਧਿਐਨ ਵਿੱਚ ਭਾਗ ਲੈਣ ਦਾ ਸੱਦਾ ਦੇਣਾ ਚਾਹਾਂਗੇ। ਇਹ ਅਧਿਐਨ ਯੂਕੇ ਭਰ ਵਿੱਚ ਹੁਣ ਅਤੇ ਕੋਰੋਨਾਵਾਇਰਸ ਮਹਾਂਮਾਰੀ ਦੌਰਾਨ ਸਿੱਖਣ ਵਿੱਚ ਅਪੰਗਤਾਵਾਂ ਵਾਲੇ ਲੋਕਾਂ ਦੀਆਂ ਜ਼ਿੰਦਗੀਆਂ ਦੇ ਬਾਰੇ ਹੈ। ਨੈਸ਼ਨਲ ਇੰਸਟੀਚਿਊਟ ਫਾਰ ਹੈਲਥ ਐਂਡ ਕੇਅਰ ਰਿਸਰਚ (NIHR) ਨੇ ਇਸ ਖੋਜ ਵਾਸਤੇ ਫ਼ੰਡ ਪ੍ਰਦਾਨ ਕੀਤੇ ਹਨ।

ਇਸ ਅਧਿਐਨ ਵਿੱਚ ਹੁਣ ਤੱਕ ਲਗਭਗ 500 ਸਿੱਖਣ ਵਿੱਚ ਅਪੰਗਤਾਵਾਂ ਵਾਲੇ ਬਾਲਗਾਂ ਦੀਆ ਇੰਟਰਵਿਊਆਂ ਨੂੰ ਸ਼ਾਮਲ ਕੀਤਾ ਗਿਆ ਹੈ ਅਤੇ ਲਗਭਗ 300 ਪਰਿਵਾਰਕ ਮੈਂਬਰਾਂ ਜਾਂ ਤਨਖਾਹ-ਸ਼ੁਦਾ ਦੇਖਭਾਲ ਕਰਤਾਵਾਂ ਨੇ ਔਨਲਾਈਨ ਸਰਵੇਖਣ ਪੂਰੇ ਕੀਤੇ ਹਨ। ਅਸੀਂ ਜਾਣਦੇ ਹਾਂ ਕਿ ਸਿੱਖਣ ਵਿੱਚ ਅਪੰਗਤਾਵਾਂ ਵਾਲੇ ਕੁਝ ਬਾਲਗ ਖੋਜਕਾਰਾਂ ਨਾਲ ਗੱਲਬਾਤ ਕਰਨ ਦੇ ਯੋਗ ਨਹੀਂ ਹੁੰਦੇ ਇਸ ਲਈ ਪਰਿਵਾਰਕ ਮੈਂਬਰ ਜਾਂ ਤਨਖਾਹਸ਼ੁਦਾ ਦੇਖਭਾਲ ਕਰਤਾਵਾਂ ਨੂੰ ਸਿੱਖਣ ਵਿੱਚ ਅਪੰਗਤਾ ਵਾਲੇ ਕਿਸੇ ਅਜਿਹੇ ਵਿਅਕਤੀ ਦੀ ਤਰਫ਼ੋ ਭਾਗ ਲੈਣ ਦਾ ਸੱਦਾ ਦਿੱਤਾ ਜਾਂਦਾ ਹੈ ਜਿਸਦੀ ਉਹ ਦੇਖਭਾਲ ਕਰਦੇ ਹਨ ਜਾਂ ਸਹਾਇਤਾ ਕਰਦੇ ਹਨ।

ਇਹ ਜਾਣਕਾਰੀ ਤੁਹਾਨੂੰ ਇਹ ਫੈਸਲਾ ਕਰਨ ਵਿੱਚ ਮਦਦ ਕਰੇਗੀ ਕਿ ਕੀ ਤੁਸੀਂ ਇਸ ਅਧਿਐਨ ਵਿੱਚ ਭਾਗ ਲੈਣਾ ਚਾਹੁੰਦੇ ਹੋ। ਇਹ ਫੈਸਲਾ ਕਰਨ ਲਈ ਸਮਾਂ ਲਓ ਕਿ ਕੀ ਤੁਸੀਂ ਭਾਗ ਲੈਣਾ ਚਾਹੁੰਦੇ ਹੋ। ਸਾਨੂੰ ਕੋਈ ਵੀ ਸਵਾਲ ਪੁੱਛੋ ਜੋ ਤੁਹਾਡੇ ਕੋਲ ਹੋ ਸਕਦੇ ਹਨ।

**ਮੈਨੂੰ ਸੱਦਾ ਕਿਉਂ ਦਿੱਤਾ ਗਿਆ ਹੈ?**

ਤੁਹਾਨੂੰ ਭਾਗ ਲੈਣ ਲਈ ਇਸ ਕਰਕੇ ਪੁੱਛਿਆ ਗਿਆ ਹੈ ਕਿਉਂਕਿ ਤੁਸੀਂ ਕਿਸੇ ਸਿੱਖਣ ਵਿੱਚ ਅਪੰਗਤਾ ਵਾਲੇ 16 ਸਾਲ ਜਾਂ ਇਸ ਤੋਂ ਵੱਡੀ ਉਮਰ ਦੇ ਵਿਅਕਤੀ ਦੇ ਪਰਿਵਾਰਕ ਮੈਂਬਰ ਹੋ ਜਾਂ ਤਨਖਾਹਸ਼ੁਦਾ ਸਹਾਇਤਾ ਅਮਲਾ ਹੋ। ਤੁਹਾਨੂੰ ਇਸ ਕਰਕੇ ਵੀ ਭਾਗ ਲੈਣ ਲਈ ਕਿਹਾ ਗਿਆ ਹੈ ਕਿਉਂਕਿ ਅਸੀਂ ਘੱਟ-ਗਿਣਤੀ ਭਾਈਚਾਰਿਆਂ ਤੋਂ ਆਉਣ ਵਾਲੇ ਲੋਕਾਂ ਦੀ ਖੋਜ ਵਿੱਚ ਭਾਗੀਦਾਰੀ ਵਧਾਉਣੀ ਚਾਹੁੰਦੇ ਹਾਂ।

## ਮੈਨੂੰ ਕੀ ਕਰਨਾ ਪਵੇਗਾ?

ਤੁਹਾਨੂੰ ਇੱਕ ਔਨਲਾਈਨ ਸਰਵੇਖਣ ਭਰਨ ਲਈ ਕਿਹਾ ਜਾਵੇਗਾ। ਇਸ ਸਰਵੇਖਣ ਨੂੰ ਪੂਰਾ ਕਰਨ ਲਈ 30 ਮਿੰਟ ਤੋਂ ਘੱਟ ਸਮਾਂ ਲੱਗੇਗਾ।

## ਮੈਨੂੰ ਕਿਸ ਬਾਰੇ ਪੁੱਛਿਆ ਜਾਵੇਗਾ?

ਸਰਵੇਖਣ ਉਸ ਵਿਅਕਤੀ ਦੀ ਜ਼ਿੰਦਗੀ ਦੇ ਵੱਖ-ਵੱਖ ਪੱਖਾਂ ਬਾਰੇ ਸਵਾਲ ਪੁੱਛੇਗਾ ਜਿਸਦੀ ਤੁਸੀਂ ਦੇਖਭਾਲ ਕਰਦੇ ਹੋ (ਉਦਾਹਰਨ ਲਈ ਸਿਹਤ, Covid-19 ਲਈ ਟੈਸਟ ਕਰਵਾਉਣ, ਤੰਦਰੁਸਤੀ, ਰਹਿਣ-ਸਹਿਣ ਦੇ ਹਾਲਾਤ, ਰਹਿਣ ਦੀ ਲਾਗਤ, ਅਤੇ ਸਹਾਇਤਾ ਬਾਰੇ ਸਵਾਲ)। ਸਰਵੇਖਣ ਕੁਝ ਸਵਾਲ ਤੁਹਾਡੇ ਬਾਰੇ ਅਤੇ ਤੁਹਾਡੀ ਤੰਦਰੁਸਤੀ ਬਾਰੇ ਵੀ ਪੁੱਛੇਗਾ।

## ਕੀ ਮੇਰੇ ਵਾਸਤੇ ਭਾਗ ਲੈਣਾ ਜ਼ਰੂਰੀ ਹੈ?

ਇਹ ਫੈਸਲਾ ਕਰਨਾ ਤੁਹਾਡੀ ਮਰਜ਼ੀ 'ਤੇ ਹੈ। ਤੁਸੀਂ ਇਸ ਜਾਣਕਾਰੀ ਸ਼ੀਟ ਦੀ ਇੱਕ ਕਾਪੀ ਡਾਊਨਲੋਡ ਕਰ ਸਕਦੇ ਹੋ ਅਤੇ ਰੱਖ ਸਕਦੇ ਹੋ। ਜਦ ਤੁਸੀਂ ਸਰਵੇਖਣ ਸ਼ੁਰੂ ਕਰਦੇ ਹੋ ਤਾਂ ਤੁਹਾਨੂੰ ਇੱਕ ਅਜਿਹੇ ਪੰਨੇ 'ਤੇ ਲਿਜਾਇਆ ਜਾਵੇਗਾ ਜਿੱਥੇ ਤੁਹਾਨੂੰ ਪੁੱਛਿਆ ਜਾਵੇਗਾ ਕਿ ਕੀ ਤੁਸੀਂ ਭਾਗ ਲੈਣ ਲਈ ਸਹਿਮਤੀ ਦਿੰਦੇ ਹੋ। ਜੇ ਤੁਸੀਂ ਭਾਗ ਲੈਣ ਬਾਰੇ ਆਪਣਾ ਮਨ ਬਦਲ ਲੈਂਦੇ ਹੋ, ਤਾਂ ਤੁਸੀਂ ਸਰਵੇਖਣ ਰੋਕ ਸਕਦੇ ਹੋ ਅਤੇ ਬਾਹਰ ਜਾ ਸਕਦੇ ਹੋ।

**ਜੇ ਮੈਂ ਭਾਗ ਲੈਂਦਾ/ਦੀ ਹਾਂ ਤਾਂ ਕੀ ਕੋਈ ਜੋਖ਼ਮ ਹਨ?**

ਭਾਗ ਲੈਣ ਦੇ ਕੋਈ ਜੋਖ਼ਮ ਨਹੀਂ ਹਨ। ਸਵਾਲਾਂ ਦਾ ਜਵਾਬ ਦਿੰਦੇ ਸਮੇਂ ਜੇ ਤੁਸੀਂ ਕੋਈ ਕਸ਼ਟ ਮਹਿਸੂਸ ਕਰਦੇ ਹੋ, ਤਾਂ ਸਰਵੇਖਣ ਬੰਦ ਕਰ ਦਿਓ ਅਤੇ ਅਧਿਐਨ ਨੂੰ ਛੱਡ ਦਿਓ। ਸਰਵੇਖਣ ਦਾ ਜਵਾਬ ਦੇਣ ਦੇ ਬਾਅਦ ਜੇ ਤੁਸੀਂ ਕਸ਼ਟਗ੍ਰਸਤ ਮਹਿਸੂਸ ਕਰਦੇ ਹੋ ਜਾਂ ਜੇ ਤੁਹਾਨੂੰ ਕਿਸੇ ਮਦਦ ਦੀ ਲੋੜ ਹੈ, ਤਾਂ ਕਿਰਪਾ ਕਰਕੇ ਸੰਪਰਕ ਕਰੋ।

ਮੈਂਨਕੈਪ ਲਰਨਿੰਗ ਡਿਸਏਬਿਲਟੀ ਹੈਲਪਲਾਈਨ: ਫ਼ੋਨ: 0808 808 1111, ਈਮੇਲ: helpline@mencap.org.uk.

**ਜੇ ਮੈਂ ਭਾਗ ਲੈਂਦਾ/ਦੀ ਹਾਂ ਤਾਂ ਕੀ ਇਸਦੇ ਕੋਈ ਲਾਭ ਹਨ?**

ਅਸੀਂ ਉਮੀਦ ਕਰਦੇ ਹਾਂ ਕਿ ਤੁਸੀਂ ਸੋਚੋਗੇ ਕਿ ਇਹ ਦਿਲਚਸਪ ਹੈ ਅਤੇ ਤੁਸੀਂ ਇਸ ਸਰਵੇਖਣ ਨੂੰ ਪੂਰਾ ਕਰਨ ਦਾ ਮਜ਼ਾ ਲਓਗੇ। ਖੋਜਕਾਰ ਚੀਜ਼ਾਂ ਬਾਰੇ ਪਤਾ ਲਾਉਣਗੇ ਅਤੇ ਅਧਿਐਨ ਦੀਆਂ ਲੱਭਤਾਂ ਬਾਰੇ ਉਹਨਾਂ ਲੋਕਾਂ ਅਤੇ ਸੰਗਠਨਾਂ ਨੂੰ ਦੱਸਣਗੇ ਜੋ ਸਿੱਖਣ ਵਿੱਚ ਅਪੰਗਤਾਵਾਂ ਵਾਲੇ ਲੋਕਾਂ ਵਾਸਤੇ ਚੀਜ਼ਾਂ ਨੂੰ ਬਿਹਤਰ ਕਰ ਸਕਦੇ ਹਨ।

**ਸੂਚਿਤ ਸਹਿਮਤੀ**

ਇਸ ਤੋਂ ਪਹਿਲਾਂ ਕਿ ਤੁਸੀਂ ਔਨਲਾਈਨ ਸਰਵੇਖਣ ਸ਼ੁਰੂ ਕਰੋ, ਇਹ ਯਾਦ ਕਰਵਾਇਆ ਜਾਵੇਗਾ ਕਿ ਸਰਵੇਖਣ ਸ਼ੁਰੂ ਕਰਨ ਦਾ ਮਤਲਬ ਅਧਿਐਨ ਵਿੱਚ ਭਾਗ ਲੈਣ ਲਈ ਆਪਣੀ ਸਹਿਮਤੀ ਦੇਣਾ ਹੈ।

**ਮੇਰੇ ਬਾਰੇ ਕਿਹੜੀ ਜਾਣਕਾਰੀ ਤੁਸੀਂ ਇਕੱਤਰ ਕਰੋਂਗੇ ਅਤੇ ਕਿਉਂ?**

ਅਸੀਂ ਤੁਹਾਡੇ ਬਾਰੇ ਕੁਝ ਨਿੱਜੀ ਜਾਣਕਾਰੀ ਇਕੱਤਰ ਕਰਾਂਗੇ (ਇਸ ਵਿੱਚ ਤੁਹਾਡਾ ਨਾਮ, ਈਮੇਲ ਸ਼ਾਮਲ ਹੋ ਸਕਦੇ ਹਨ) ਤਾਂ ਜੋ ਸਾਨੂੰ ਤੁਹਾਡੇ ਨਾਲ ਅਧਿਐਨ ਦੀਆਂ ਲੱਭਤਾਂ ਬਾਰੇ ਅਤੇ ਸੰਭਾਵੀ ਭਵਿੱਖੀ ਖੋਜ ਬਾਰੇ ਸੰਪਰਕ ਕਰਨ ਦੇ ਯੋਗ ਬਣਾਇਆ ਜਾ ਸਕੇ। ਅਸੀਂ ਉਸ ਸਿੱਖਣ ਵਿੱਚ ਅਪੰਗਤਾਵਾਂ ਵਾਲੇ ਵਿਅਕਤੀ ਬਾਰੇ ਔਨਲਾਈਨ ਸਰਵੇਖਣ ਸਵਾਲਾਂ ਦੇ ਤੁਹਾਡੇ ਜਵਾਬਾਂ ਨੂੰ ਵੀ ਇਕੱਤਰ ਕਰਾਂਗੇ ਜਿਸਦੀ ਤੁਸੀਂ ਦੇਖਭਾਲ/ਸਹਾਇਤਾ ਕਰਦੇ ਹੋ।

**ਮੇਰੀ ਜਾਣਕਾਰੀ ਨੂੰ ਕਿਸ ਤਰ੍ਹਾਂ ਸਟੋਰ ਕੀਤਾ ਜਾਵੇਗਾ ਅਤੇ ਤੁਸੀਂ ਇਸਦੀ ਦੇਖਭਾਲ ਕਿਵੇਂ ਕਰੋਗੇ?**

ਡੇਟਾ Qualtrics ਸਾਫਟਵੇਅਰ ਦੇ ਅੰਦਰ ਰੱਖਿਆ ਜਾਵੇਗਾ। Qualtrics ਦੇ ਡੇਟਾ ਨੂੰ ਹਰ ਹਫਤੇ Excel ਅਤੇ SPSS ਸਾਫਟਵੇਅਰ ਵਿੱਚ ਡਾਊਨਲੋਡ ਕੀਤਾ ਜਾਵੇਗਾ ਅਤੇ ਮਾਨਚੈਸਟਰ ਮੈਟਰੋਪੋਲੀਟਨ ਯੂਨੀਵਰਸਿਟੀ ਦੇ ਸੁਰੱਖਿਅਤ ਪਾਸਵਰਡ ਨਾਲ ਰੱਖਿਅਤ ਕੀਤੇ ਰਿਸਰਚ ਡੇਟਾ ਸਟੋਰੇਜ (RDS) ਪਲੇਟਫਾਰਮ ਉੱਤੇ ਸਟੋਰ ਕੀਤਾ ਜਾਵੇਗਾ।

## ਤੁਸੀਂ ਮੇਰੀ ਜਾਣਕਾਰੀ ਦੀ ਵਰਤੋਂ ਕਿਵੇਂ ਕਰੋਂਗੇ?

ਸਿੱਖਣ ਵਿੱਚ ਅਪੰਗਤਾਵਾਂ ਵਾਲੇ ਲੋਕਾਂ ਦੀਆਂ ਜ਼ਿੰਦਗੀਆਂ ਬਾਰੇ ਰਿਪੋਰਟ ਕਰਨ ਲਈ ਡੇਟਾ ਦਾ SPSS ਅਤੇ Nvivo ਸਾਫਟਵੇਅਰ ਦੇ ਨਾਲ ਵਿਸ਼ਲੇਸ਼ਣ ਕੀਤਾ ਜਾਵੇਗਾ। ਸਾਰੀਆਂ ਰਿਪੋਰਟਾਂ ਅਤੇ ਹੋਰ ਪ੍ਰੋਜੈਕਟ ਆਊਟਪੁੱਟਾਂ ਵਿੱਚ ਭਾਗੀਦਾਰਾਂ ਦਾ ਨਾਮ ਗੁਪਤ ਰੱਖਿਆ ਜਾਵੇਗਾ।

## ਕੀ ਮੇਰੇ ਡੇਟਾ ਨੂੰ ਕਿਤੇ ਹੋਰ ਭੇਜਿਆ ਜਾਵੇਗਾ, ਜਾਂ ਹੋਰ ਲੋਕਾਂ ਜਾਂ ਸੰਗਠਨਾਂ ਨਾਲ ਸਾਂਝਾ ਕੀਤਾ ਜਾਵੇਗਾ?

ਨਾਮ-ਰਹਿਤ ਕੀਤੇ Qualtrics ਡੇਟਾ ਨੂੰ ਡੇਟਾ ਵਿਸ਼ਲੇਸ਼ਣ ਵਾਸਤੇ ਮਾਨਚੈਸਟਰ ਮੈਟਰੋਪੋਲੀਟਨ ਯੂਨੀਵਰਸਿਟੀ ਤੋਂ ਵਾਰਵਿਕ ਯੂਨੀਵਰਸਿਟੀ ਵਿਖੇ ਤਬਦੀਲ ਕੀਤਾ ਜਾਵੇਗਾ। ਡੇਟਾ ਸਾਂਝਾਕਰਨ ਇੱਕ 'ਖੋਜ ਸਹਿਯੋਗ ਸਮਝੌਤੇ' (Research Collaboration Agreement) ਦੀਆਂ ਸ਼ਰਤਾਂ ਤਹਿਤ ਹੋਵੇਗਾ ਜੋ ਵਰਤੋਂ ਨੂੰ ਪਰਿਭਾਸ਼ਿਤ ਕਰਦਾ ਹੈ ਅਤੇ ਗੁਪਤਤਾ ਅਤੇ ਜਾਣਕਾਰੀ ਦੀ ਸੁਰੱਖਿਆ ਸੰਬੰਧੀ ਵਿਵਸਥਾਵਾਂ 'ਤੇ ਸਹਿਮਤੀ ਬਣਾਉਂਦਾ ਹੈ। ਯੂਨੀਵਰਸਿਟੀ ਕਦੇ ਵੀ ਨਿੱਜੀ ਡੇਟਾ ਤੀਜੀਆਂ ਧਿਰਾਂ ਨੂੰ ਨਹੀਂ ਵੇਚਦੀ। ਨਾਮ-ਰਹਿਤ ਕੀਤਾ ਡੇਟਾਸੈੱਟ ਨੂੰ ਪ੍ਰੋਜੈਕਟ ਦੇ ਅੰਤ 'ਤੇ ਭਵਿੱਖ ਦੀ ਖੋਜ ਅਤੇ ਸਿੱਖਣ ਦੇ ਉਦੇਸ਼ ਲਈ ਇੱਕ ਸੁਰੱਖਿਅਤ ਬਣਾਈ ਖੁੱਲ੍ਹੀ ਪਹੁੰਚ ਵਾਲੀ ਰਿਪੌਜ਼ਿਟਰੀ (repository) ਵਿੱਚ ਜਮ੍ਹਾਂ ਕੀਤਾ ਜਾਵੇਗਾ। ਨਿੱਜੀ ਡੇਟਾ ਸਾਂਝਾ ਨਹੀਂ ਕੀਤਾ ਜਾਵੇਗਾ। ਡੇਟਾ ਯੂਕੇ ਤੋਂ ਬਾਹਰ ਨਹੀਂ ਜਾਵੇਗਾ।

## ਤੁਸੀਂ ਮੇਰੀ ਜਾਣਕਾਰੀ ਨੂੰ ਕਦੋਂ ਨਸ਼ਟ ਕਰੋਗੇ?

ਡੇਟਾ ਅਤੇ ਤੁਹਾਡੇ ਨਿੱਜੀ ਡੇਟਾ ਨੂੰ ਦਸ ਸਾਲਾਂ ਲਈ ਸੁਰੱਖਿਅਤ ਤਰੀਕੇ ਨਾਲ ਸਟੋਰ ਕੀਤਾ ਜਾਵੇਗਾ। ਤੁਹਾਡੀ ਜਾਣਕਾਰੀ ਤੱਕ ਪਹੁੰਚ ਕਰਨ, ਇਸਨੂੰ ਬਦਲਣ ਜਾਂ ਸਥਾਨਅੰਤਰਿਤ ਕਰਨ ਦੇ ਤੁਹਾਡੇ ਅਧਿਕਾਰ ਸੀਮਤ ਹਨ, ਕਿਉਂਕਿ ਸਾਨੂੰ ਖਾਸ ਤਰੀਕਿਆਂ ਨਾਲ ਤੁਹਾਡੀ ਜਾਣਕਾਰੀ ਦਾ ਪ੍ਰਬੰਧਨ ਕਰਨ ਦੀ ਲੋੜ ਹੈ ਤਾਂ ਜੋ ਖੋਜ ਨੂੰ ਭਰੋਸੇਯੋਗ ਅਤੇ ਸਟੀਕ ਬਣਾਇਆ ਜਾ ਸਕੇ। ਜੇ ਤੁਸੀਂ ਅਧਿਐਨ ਤੋਂ ਪਿੱਛੇ ਹਟ ਜਾਂਦੇ ਹੋ, ਤਾਂ ਅਸੀਂ ਤੁਹਾਡੇ ਬਾਰੇ ਜਾਣਕਾਰੀ ਨੂੰ ਸਾਂਭ ਕੇ ਰੱਖਾਂਗੇ ਜੋ ਅਸੀਂ ਪਹਿਲਾਂ ਹੀ ਹਾਸਲ ਕਰ ਚੁੱਕੇ ਹਾਂ।

## ਡੇਟਾ ਸੁਰੱਖਿਆ ਕਨੂੰਨ

ਤੁਹਾਡੀ ਜਾਣਕਾਰੀ ਦੀ ਦੇਖਭਾਲ ਕਰਨ ਦੇ ਸਾਡੇ ਤਰੀਕੇ ਨੂੰ ਯੂਕੇ ਦੇ ਕਨੂੰਨ ਦੁਆਰਾ ਸੰਚਾਲਿਤ ਕੀਤਾ ਜਾਂਦਾ ਹੈ। ਯੂਕੇ ਦੇ ਕਨੂੰਨ ਤਹਿਤ, ਤੁਹਾਡੀ ਜਾਣਕਾਰੀ ਦੀ ਵਰਤੋਂ ਕਰਨ ਲਈ ਸਾਡੇ ਕੋਲ ਬਹੁਤ ਵਧੀਆ ਕਾਰਨ ਹੋਣਾ ਚਾਹੀਦਾ ਹੈ (ਇਸਨੂੰ 'ਕਨੂੰਨੀ ਆਧਾਰ' ਕਿਹਾ ਜਾਂਦਾ ਹੈ)। ਕਈ ਵਾਰ, ਅਸੀਂ ਤੁਹਾਡੇ ਬਾਰੇ ਸੰਵੇਦਨਸ਼ੀਲ ਜਾਣਕਾਰੀ ਦੀ ਵਰਤੋਂ ਕਰਨੀ ਵੀ ਚਾਹ ਸਕਦੇ ਹਾਂ, ਜਿਵੇਂ ਕਿ ਤੁਹਾਡੀ ਸਿਹਤ, ਧਰਮ ਅਤੇ ਨਸਲੀ ਪਿਛੋਕੜ ਬਾਰੇ ਜਾਣਕਾਰੀ। ਇਸਨੂੰ 'ਵਿਸ਼ੇਸ਼ ਸ਼੍ਰੇਣੀ ਦੀ ਜਾਣਕਾਰੀ' ਵੀ ਕਿਹਾ ਜਾਂਦਾ ਹੈ। ਅਸੀਂ ਇਹ ਸਾਰੀ ਜਾਣਕਾਰੀ ਤੁਹਾਡੇ ਕੋਲੋਂ ਸਾਡੀ ਖੋਜ ਵਿੱਚ ਮਦਦ ਲੈਣ ਵਾਸਤੇ ਇਕੱਤਰ ਕਰਦੇ ਹਾਂ, ਜਿਸਦਾ ਟੀਚਾ ਹੈ ਹਰ ਕਿਸੇ ਨੂੰ ਲਾਭ ਪਹੁੰਚਾਉਣਾ (ਇਸਦਾ ਮਤਲਬ ਹੈ ਕਿ ਇਹ 'ਜਨਤਕ ਹਿੱਤ' ਵਿੱਚ ਹੈ)।

ਯੂਕੇ ਦੇ ਕਨੂੰਨ ਤਹਿਤ, ਤੁਹਾਨੂੰ ਆਪਣੀ ਜਾਣਕਾਰੀ ਬਾਰੇ ਚੋਣਾਂ ਕਰਨ ਦਾ ਅਧਿਕਾਰ ਹੈ। ਜੇ ਤੁਹਾਡੇ ਕੋਈ ਸਵਾਲ ਹਨ ਜਾਂ ਜੇ ਤੁਸੀਂ ਸਾਨੂੰ ਆਪਣੀ ਜਾਣਕਾਰੀ ਬਾਰੇ ਕੁਝ ਕਰਨ ਲਈ ਸਾਨੂੰ ਪੁੱਛਣਾ ਚਾਹੁੰਦੇ ਹੋ, ਤਾਂ ਤੁਸੀਂ ਖੋਜਕਾਰ ਨੂੰ ਪੁੱਛ ਸਕਦੇ ਹੋ (ਸੰਪਰਕ ਵੇਰਵੇ ਹੇਠਾਂ ਹਨ)।

ਤੁਸੀਂ ਬਿਨਾਂ ਕੋਈ ਕਾਰਨ ਦੱਸਣ ਦੇ, ਕਿਸੇ ਵੀ ਸਮੇਂ ਅਧਿਐਨ ਦਾ ਭਾਗ ਹੋਣਾ ਬੰਦ ਕਰ ਸਕਦੇ ਹੋ। ਤੁਸੀਂ ਕਿਸੇ ਵੀ ਸਮੇਂ 'ਤੇ ਸਾਨੂੰ ਆਪਣਾ ਡੇਟਾ ਮਿਟਾਉਣ ਲਈ ਕਹਿ ਸਕਦੇ ਹੋ, ਪਰ ਇਹ ਹਮੇਸ਼ਾ ਸੰਭਵ ਨਹੀਂ ਹੋਵੇਗਾ। ਜੇ ਤੁਸੀਂ ਸਰਵੇਖਣ ਪੂਰਾ ਕਰਨ ਦੇ ਇੱਕ ਹਫਤੇ ਦੇ ਅੰਦਰ ਜਾਣਕਾਰੀ ਮਿਟਾਉਣ ਲਈ ਸਾਨੂੰ ਕਹਿੰਦੇ ਹੋ ਤਾਂ ਅਸੀਂ ਯਕੀਨੀ ਬਣਾਵਾਂਗੇ ਕਿ ਅਜਿਹਾ ਕੀਤਾ ਜਾਂਦਾ ਹੈ। ਜੇ ਤੁਸੀਂ ਇਸ ਤੋਂ ਬਾਅਦ ਸਾਨੂੰ ਡੇਟਾ ਮਿਟਾਉਣ ਲਈ ਕਹਿੰਦੇ ਹੋ, ਤਾਂ ਹੋ ਸਕਦਾ ਹੈ ਅਸੀਂ ਅਜਿਹਾ ਕਰਨ ਦੇ ਯੋਗ ਨਾ ਹੋਈਏ।

**ਖੋਜ ਅਧਿਐਨ ਦੇ ਨਤੀਜਿਆਂ ਨਾਲ ਕੀ ਵਾਪਰੇਗਾ?**

ਅਸੀਂ ਅਧਿਐਨ ਦੇ ਨਤੀਜਿਆਂ ਨੂੰ ਭਾਗੀਦਾਰਾਂ, ਸਿੱਖਣ ਵਿੱਚ ਅਪੰਗਤਾਵਾਂ ਵਾਲੇ ਲੋਕਾਂ ਦੀ ਸਹਾਇਤਾ ਕਰਨ ਵਾਲੇ ਸੰਗਠਨਾਂ, ਨੀਤੀ ਘਾੜਿਆਂ, ਅਤੇ ਹੋਰ ਖੋਜਕਾਰਾਂ ਦੇ ਨਾਲ ਸਾਂਝੇ ਕਰਾਂਗੇ। ਜੋ ਕੁਝ ਅਸੀਂ ਲੱਭਦੇ ਹਾਂ ਉਸਨੂੰ ਅਸੀਂ ਵੱਖ-ਵੱਖ ਤਰੀਕਿਆਂ ਨਾਲ ਲੋਕਾਂ ਨੂੰ ਦੱਸਾਂਗੇ, ਜਿਵੇਂ ਕਿ ਰਿਪੋਰਟਾਂ, ਸੋਸ਼ਲ ਮੀਡੀਆ, ਪੇਸ਼ਕਾਰੀਆਂ, ਅਕਾਦਮਿਕ ਰਸਾਲਿਆਂ ਵਿਚਲੇ ਲੇਖ।

## ਇਸ ਖੋਜ ਪ੍ਰੋਜੈਕਟ ਦੀ ਸਮੀਖਿਆ ਕਿਸਨੇ ਕੀਤੀ ਹੈ?

ਮਾਨਚੈਸਟਰ ਮੈਟਰੋਪੋਲੀਟਨ ਯੂਨੀਵਰਸਿਟੀ ਵਿਖੇ ਫੈਕਲਟੀ ਆਫ ਹੈਲਥ ਐਂਡ ਐਜੂਕੇਸ਼ਨ ਦੀ ਨੈਤਿਕਤਾ ਕਮੇਟੀ ਨੇ ਇਸ ਪ੍ਰੋਜੈਕਟ ਦੀ ਸਮੀਖਿਆ ਕੀਤੀ ਹੈ ਅਤੇ ਮਨਜ਼ੂਰੀ ਦਿੱਤੀ ਹੈ। ਨੈਸ਼ਨਲ ਇੰਸਟੀਚਿਊਟ ਫਾਰ ਹੈਲਥ ਐਂਡ ਕੇਅਰ ਰਿਸਰਚ (NIHR) ਨੇ ਇਸ ਖੋਜ ਦੀ ਸਮੀਖਿਆ ਕੀਤੀ ਹੈ ਅਤੇ ਫ਼ੰਡ ਪ੍ਰਦਾਨ ਕੀਤੇ ਹਨ।

## ਇਸ ਅਧਿਐਨ ਬਾਰੇ ਮੈਂ ਕਿਸ ਨਾਲ ਸੰਪਰਕ ਕਰ ਸਕਦਾ/ਦੀ ਹਾਂ?

ਜੇ ਖੋਜ ਬਾਰੇ ਤੁਹਾਡੇ ਕੋਈ ਸਵਾਲ ਹੋਣ ਤਾਂ ਕਿਰਪਾ ਕਰਕੇ ਸੰਪਰਕ ਕਰੋ: ਡਾ. ਸੂ ਕੇਟਨ, S.Caton@mmu.ac.uk 07425374068.

ਜੇ ਖੋਜ ਬਾਰੇ ਤੁਹਾਡੀਆਂ ਕੋਈ ਵੀ ਟਿੱਪਣੀਆਂ ਜਾਂ ਸ਼ੰਕੇ ਹਨ ਤਾਂ ਤੁਸੀਂ ਮੁੱਖ ਜਾਂਚਕਰਤਾਵਾਂ ਵਿੱਚੋਂ ਕਿਸੇ ਨਾਲ ਵੀ ਗੱਲਬਾਤ ਕਰ ਸਕਦੇ ਹੋ: ਪ੍ਰੋਫ਼ੈਸਰ ਕ੍ਰਿਸ ਹੈਟਨ (C.Hatton@mmu.ac.uk) ਜਾਂ ਪ੍ਰੋਫ਼ੈਸਰ ਰਿਚਰਡ ਹੇਸਟਿੰਗਜ਼ (R.Hastings@Warwick.ac.uk).

ਜੇ ਤੁਸੀਂ ਖੋਜ ਬਾਰੇ ਸ਼ਿਕਾਇਤ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਮਾਨਚੈਸਟਰ ਮੈਟਰੋਪੋਲੀਟਨ ਯੂਨੀਵਰਸਿਟੀ ਵਿਖੇ ਫੈਕਲਟੀ ਹੈੱਡ ਆਫ ਐਥਿਕਸ, ਡਾ. ਕਲੇਅਰ ਫੌਕਸ ਨੂੰ FOHE-ethics@mmu.ac.uk 'ਤੇ ਈਮੇਲ ਕਰਕੇ ਸੰਪਰਕ ਕਰ ਸਕਦੇ ਹੋ।

ਜੇ ਤੁਸੀਂ ਸਾਡੇ ਵੱਲੋਂ ਤੁਹਾਡੇ ਨਿੱਜੀ ਡੇਟਾ ਦਾ ਪ੍ਰਬੰਧਨ ਕਰਨ ਦੇ ਤਰੀਕੇ ਨੂੰ ਲੈਕੇ ਖੁਸ਼ ਨਹੀਂ ਹੋ, ਤਾਂ ਤੁਸੀਂ ਮਾਨਚੈਸਟਰ ਮੈਟਰੋਪੋਲੀਟਨ ਡੇਟਾ ਪ੍ਰੋਟੈਕਸ਼ਨ ਅਫਸਰ ਨੂੰ dataprotection@mmu.ac.uk 'ਤੇ ਸੰਪਰਕ ਕਰ ਸਕਦੇ ਹੋ। 0161 247 3331 Legal Services, All Saints Building, Manchester Metropolitan University, Manchester, M15 6BH

ਜਿਸ ਤਰੀਕੇ ਨਾਲ ਅਸੀਂ ਤੁਹਾਡੇ ਨਿੱਜੀ ਡੇਟਾ 'ਤੇ ਪ੍ਰਕਿਰਿਆ ਕਰਦੇ ਹਾਂ ਉਸ ਬਾਰੇ ਜੇ ਤੁਸੀਂ ਕੋਈ ਸ਼ਿਕਾਇਤ ਕਰਨੀ ਚਾਹੋਂਗੇ ਤਾਂ ਤੁਹਾਨੂੰ ਯੂਕੇ ਇਨਫਰਮੇਸ਼ਨ ਕਮਿਸ਼ਨਰਜ਼ ਆਫਿਸ ਕੋਲ ਸਿੱਧੇ ਤੌਰ 'ਤੇ ਸ਼ਿਕਾਇਤ ਕਰਨ ਦਾ ਅਧਿਕਾਰ ਹੈ:https://ico.org.uk/global/contact-us/